# ਕੋਈ ਐਸਾ ਸੰਤ ਮੋ ਕਉ ਪਿਰਹਿ ਮਿਲਾਵੈ

ਆਸਾ ਮਹਲਾ ੫ ਇਕਤੁਕੇ ਚਉਪਦੇ ॥

ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥

ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥੧॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਦਾ, ਰਾਗ ਆਸਾ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੩੭੪ ਤੇ ਸੁਭਾਇਮਾਨ ਹੈ। ਇਹ ਸ਼ਬਦ, ਚਾਰ ਪਦਿਆਂ ਦਾ ਹੋਣ ਕਰਕੇ, ਸਿਰਲੇਖ ਵਿਚ 'ਚਉਪਦੇ' ਅੰਕਤ ਕੀਤਾ ਗਿਆ ਹੈ। ਇਸ ਸ਼ਬਦ ਵਿਚ ਗੁਰੂ/ਪ੍ਰਭੂ ਪਤੀ ਦੇ ਪ੍ਰੇਮ ਮਿਲਾਪ ਲਈ ਜੀਵ ਇਸਤਰੀ ਦੀ ਤੜਪ ਹੈ।

- - ਜੀਵ ਇਸਤਰੀ ਨੂੰ, ਆਪਣੇ ਕੰਤ ਪਤੀ ਪ੍ਰਭੂ ਦਾ ਇਕ ਘੜੀ, ਪਲ ਜਿਤਨਾ ਵਿਛੋੜਾ ਵੀ, ਕਈ ਦਿਨ ਲੰਮਾ ਪ੍ਰਤੀਤ ਹੋ ਰਿਹਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਪੰਨਾ ੧੨੭੩ ਤੇ, ਫ਼ੁਰਮਾਣ ਕਰਦੇ ਹਨ ਕਿ ਉਸ ਪਿਆਰੇ ਪਤੀ, ਸਖਾ ਦਾ ਪ੍ਰੇਮ ਮੈਨੂੰ ਭਾਉਂਦਾ ਹੈ, ਮੈਂ ਉਸ ਦੇ ਪ੍ਰੇਮ ਦੀ ਪਿਆਸ ਦੀ ਅਜਿਹੀ ਤਿਹਾਈ ਹੋਈ ਹਾਂ ਕਿ ਉਸ ਤੋਂ ਬਿਨਾਂ ਮੈਂ ਇਸ ਜਗ ਵਿਚ ਇਕ ਘੜੀ ਪਲ ਲਈ ਵੀ ਨਹੀਂ ਰਹਿ ਸਕਦੀ - 'ਪਿਰ ਭਾਵੈ ਪ੍ਰੇਮ ਸਖਾਈ।। ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ।।'

ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਨੇ, ਪੰਨਾ ੮੩ ਤੇ, ਫ਼ੁਰਮਾਣ ਕੀਤਾ ਹੈ ਕਿ ਜਿਸ ਪਿਆਰੇ ਨਾਲ ਨੇਹ, ਡੂੰਘਾ ਪ੍ਰੇਮ ਹੋਵੇ, ਉਸ ਦੇ ਅਗੇ ਮਰ ਜਾਈਏ, ਭਾਵ ਉਸ ਕੋਲ, ਆਪਣਾ ਆਪ ਮਿਟਾ ਕੇ ਜਾਈਏ, ਉਸਦੇ ਚਰਣਾਂ ਵਿਚ ਰਹੀਏ, ਭਾਵ ਆਪਾ ਉਸ ਨੂੰ ਵੇਚ ਦਈਏ। ਉਸ ਤੋਂ ਕੰਡ ਫ਼ੇਰ ਕੇ, ਉਸ ਤੋਂ ਦੂਰ ਰਹਿ ਕੇ, ਸੰਸਾਰ ਦੇ ਹੋ ਕੇ, ਇਸ ਵਿਚ ਜਿਊਣ ਨੂੰ ਧਿੱਕਾਰ ਹੈ - 'ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।। ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।।'

ਸ੍ਰੀ ਗੁਰੂ ਅਮਰਦਾਸ ਸਾਹਿਬ ਵੀ, ਪੰਨਾ ੩੫ ਤੇ, ਫ਼ੁਰਮਾਣ ਕਰਦੇ ਹਨ ਕਿ ਉਸ ਕੰਤ ਬਿਨ੍ਹਾਂ, ਇਕ ਘੜੀ ਦਾ ਜਿਊਣਾ ਵੀ ਦੁਖਾਲਾ ਲਗਦਾ ਹੈ ਅਤੇ ਸਾਰੀ ਰਾਤ, ਜ਼ਿੰਦਗੀ, ਤਕਲੀਫ਼, ਪੀੜ੍ਹਾ ਭੋਗਦੀ ਦੀ ਨਿਕਲਦੀ ਹੈ - 'ਤਿਸ ਬਿਨੁ ਘੜੀ ਨ

ਜੀਵਦੀ ਦੁਖੀ ਰੈਣਿ ਵਿਹਾਇ।।'

ਸ੍ਰੀ ਗੁਰੂ ਅਰਜਨ ਸਾਹਿਬ ਦਾ ਵੀ ਅਜਿਹਾ ਹੀ ਫ਼ੁਰਮਾਣ ਹੈ ਕਿ ਹੇ ਮੇਰੇ ਪਿਆਰੇ ਗੁਰੂ ਜੀਓ ! ਤੇਰੇ ਬਿਨਾਂ ਤਾਂ ਇਸ ਸੰਸਾਰ ਵਿਚ, ਇਕ ਘੜੀ ਲਈ ਵੀ ਰਹਿਣ, ਜਿਉਣ ਨੂੰ ਧਿੱਕਾਰ ਹੈ - 'ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ।।'

- - ਜੀਵ ਇਸਤਰੀ ਕਹਿੰਦੀ ਹੈ ਮੇਰਾ ਮਨ ਸਬਰ, ਧੀਰਜ ਨਹੀਂ ਧਰਦਾ ਅਤੇ ਇਹੀ ਸੋਚਦੀ ਰਹਿੰਦੀ ਹਾਂ ਕਿ ਮੇਰਾ, ਪਿਆਰੇ ਕੰਤ, ਪਤੀ ਗੁਰੂ/ਪ੍ਰਭੂ ਨਾਲ ਮਿਲਾਪ ਕਿਵੇਂ ਹੋਵੇ।੧।

ਉਹ ਬੇਨਤੀਆਂ ਕਰਦੀ ਹੈ ਕਿ ਮੈਂ ਤੇਰੇ ਦਰਸ਼ਨਾਂ ਬਿਨਾਂ ਕਿਵੇਂ ਜੀਵਾਂ, ਜਿਵੇਂ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ, ਪੰਨਾ ੭੯੬ ਤੇ, ਬਚਨ ਹਨ - 'ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਇ।।'

ਹੇ ਮੇਰੇ ਗੁਰੂ ਸੰਤ, ਹਰੀ ਦੇ ਜਨ ! ਮੈਨੂੰ ਮਿਲੋ, ਭਾਵ, ਮੈਨੂੰ ਆਪਣਾ ਬਣਾਉ, ਮੇਰਾ ਹਰੀ ਪ੍ਰਭੂ ਦਸੋ, ਕਿਵੇਂ ਮਿਲੇ, ਮੈਨੂੰ ਉਸਦੇ ਮਿਲਣ ਦੀ ਭੁਖ ਹੈ। ਹੇ ਜਗ ਦੇ ਜੀਵਣ, ਦਾਤੇ, ਮੇਰੇ ਗੁਰੂ ! ਮੇਰੀ ਸ਼ਰਧਾ ਪੂਰੀ ਕਰ ਦੇ, ਤੇਰੇ ਨਾਲ ਮੇਲ ਕਰਕੇ ਅਤੇ ਫ਼ਿਰ ਹਰੀ ਦੇ ਦਰਸ਼ਨ ਕਰਕੇ ਮੇਰਾ ਮਨ, ਨਾਮ ਨਾਲ ਭਿਜ ਜਾਵੇ, ਤਰੋ ਤਰ ਹੋ ਜਾਏ। ਪੰਨਾ ੯੫ ਤੇ, ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਇੰਞ ਹਨ - 'ਹਰਿ ਜਨ ਸੰਤ ਮਿਲਹੁ ਮੇਰੇ ਭਾਈ।। ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ।। ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।।'

ਉਹ ਵਿਛੜੀ ਹੋਈ, ਅਰਦਾਸਾਂ ਕਰਦੀ ਹੈ ਕਿ ਹੇ ਪ੍ਰੀਤਮ ਪਿਆਰੇ ! ਕਿਰਪਾ ਕਰਕੇ ਮੈਨੂੰ ਮਿਲ, ਮੇਰੀ ਬੇਨਤੀ ਸੁਣ, ਹੇ ਪ੍ਰਭੂ, ਤੂੰ ਉਚਾ ਵਡਾ ਹੈਂ, ਅਪਾਰ ਹੈਂ। ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੨੦੩ ਤੇ, ਇੰਞ ਫ਼ੁਰਮਾਣ ਹੈ - 'ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ।। ਬਿਨਉ ਸੁਨਹੁ ਪ੍ਰਭ ਊਚ ਅਪਾਰੇ।।' ਹਜ਼ੂਰ, ਪੰਨਾ ੮੦੬ ਤੇ ਵੀ ਇਸੇ ਵਲਵਲੇ ਬਾਰੇ ਬਚਨ ਕਰਦੇ ਹਨ ਕਿ ਕਿਹੜੇ ਭਾਗ ਜਾਗਣ ਕਿ ਮੈਂ ਆਪਣੇ ਪ੍ਰਭੂ ਨਾਲ ਮੇਲ ਕਰਾਂ - 'ਕਵਨ ਸੰਜੋਗ ਮਿਲਉ ਪ੍ਰਭ ਅਪਨੇ।।'

## ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥

## ਦਰਸਨ ਕੀ ਮਨਿ ਆਸ ਘਨੇਰੀ

## ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥੧॥ ਰਹਾਉ ॥

- - ਮੇਰਾ ਇਕ ਇਕ ਪਲ, ਇਕ ਦਿਨ ਵੀ ਮੈਨੂੰ ਇਤਨਾ ਲੰਮਾ ਲਗਦਾ ਹੈ ਕਿ ਬੀਤਣ ਤੇ ਹੀ ਨਹੀਂ ਆਉਂਦਾ ;

ਸ੍ਰੀ ਗੁਰੂ ਅਰਜਨ ਸਾਹਿਬ ਦੇ, ਪੰਨਾ ੭੫੮ ਤੇ, ਵਾਕ ਹਨ ਕਿ ਪ੍ਰਭੂ ਨਾਲ ਮੇਲ ਕੀਤੇ ਬਿਨਾਂ, ਮੇਰਾ ਦਿਨ ਨਹੀਂ ਲੰਘਦਾ, ਉਸ ਨਾਲ ਮਿਲਾਪ ਹੋ ਜਾਏ, ਤਾਂ ਸਾਰੇ ਹੀ ਸੁਖ ਮਿਲ ਜਾਂਦੇ ਹਨ - 'ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ।। ਮਿਲੈ ਪ੍ਰਭੂ ਤਾ ਸਭ ਸੁਖ ਪਾਵੈ।।' ਪੰਨਾ ੧੧੨੨ ਤੇ, ਫ਼ੁਰਮਾਣ ਕਰਦੇ ਹਨ ਕਿ ਮਛੀ, ਪਾਣੀ ਦਾ ਵਿਛੋੜਾ ਨਹੀਂ ਸਹਿ ਸਕਦੀ ਅਤੇ ਉਸ ਬਿਨਾਂ ਮਰ ਜਾਂਦੀ ਹੈ, ਜਿਵੇਂ ਪਿਆਸਾ ਪਪੀਹਾ, ਸਵਾਂਤੀ ਦੀ ਬੂੰਦ, ਅਕਾਸ਼ ਤੋਂ ਡਿਗੀ ਕਣੀ ਦੇ ਬਿਨਾਂ ਨਹੀਂ ਰਹਿ ਸਕਦਾ, ਇਸੇ ਤਰ੍ਹਾਂ ਹਰੀ ਬਿਨਾਂ, ਕਿਵੇਂ ਰਿਹਾ ਜਾ ਸਕਦਾ ਹੈ, ਉਸ ਤੋਂ ਵਿਛੋੜੇ ਦਾ ਦੁਖ, ਕਿਵੇਂ ਸਹਿਆ ਜਾ ਸਕਦਾ ਹੈ। ਇਸੇ ਤਰ੍ਹਾਂ ਚਕਵੀ ਵੀ ਉਡੀਕ ਵਿਚ ਰਹਿੰਦੀ ਹੈ ਕਿ ਕਦੋਂ ਰਾਤ ਬੀਤੇ ਤੇ ਉਸ ਨੂੰ ਸੂਰਜ ਦੀ ਕਿਰਣ ਵੇਖਣ ਦਾ ਸੁਖ ਪ੍ਰਾਪਤ ਹੋਵੇ। ਇਸੇ ਤਰ੍ਹਾਂ ਹਰੀ ਦੇ ਦਰਸ਼ਨਾਂ ਅਤੇ ਮਿਲਾਪ ਤੋਂ ਬਿਨਾਂ ਰਹਿਣਾ, ਨਰਕ ਸਹਿਣ ਦੇ ਤੁਲ ਹੈ, ਮੇਰਾ ਹਿਰਦਾ ਤਾਂ ਸਾਈਂ ਦੇ ਚਰਣਾਂ ਕੰਵਲਾਂ ਵਿਚ ਵਿੰਨ੍ਹਿਆਂ ਗਿਆ ਹੈ - 'ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ।। ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ।। ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ।।.. ਹਰਿ ਬਿਨੁ ਜੋ ਰਹਿਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ।।'

- - ਮੇਰੇ ਮਨ ਵਿਚ ਤੇਰੇ ਦਰਸ਼ਨਾਂ ਦੀ ਅਤਿਅੰਤ ਪਿਆਸ ਲਗੀ ਹੋਈ ਹੈ, ਮੈਨੂੰ ਕੋਈ ਅਜਿਹਾ ਸੰਤ ਮਿਲ ਜਾਏ, ਜਿਹੜਾ ਮੈਨੂੰ ਉਸ ਪਿਆਰੇ ਨਾਲ ਮਿਲਾ ਦੇਵੇ।੧।ਰਹਾਉ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਪੰਨਾ ੭੫੭ ਤੇ ਬਚਨ ਹਨ ਕਿ ਕੋਈ ਆ ਕੇ, ਮੇਰੇ ਪ੍ਰੀਤਮ ਪਿਆਰੇ ਨੂੰ ਮਿਲਾ ਦਏ ਤਾਂ ਮੈਂ ਉਸ ਨੂੰ ਆਪਣਾ ਆਪਾ ਹੀ ਵੇਚ ਦਿਆਂ, ਉਸ ਦੇ ਦਰਸ਼ਨਾਂ ਦਾ ਇੰਨਾ ਵਡਾ ਮੁਲ ਹੈ - 'ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।।

ਦਰਸਨੁ ਹਰਿ ਦੇਖਣ ਕੈ ਤਾਈ।।' ਪਾਤਸ਼ਾਹ, ਪੰਨਾ ੪੧ ਤੇ, ਫ਼ੁਰਮਾਣ ਕਰਦੇ ਹਨ ਕਿ ਜੀਵ ਇਸਤਰੀ ਕਹਿੰਦੀ ਹੈ ਕਿ ਮੈਂ, ਨਿਤ ਖਲੋ ਕੇ, ਉਸ ਸਾਹਿਬ ਦਾ ਰਾਹ ਨਿਹਾਰਦੀ ਹਾਂ ਕਿ ਮੈਨੂੰ ਕੋਈ, ਉਸ ਦੀ ਦਸ ਪਾਏ, ਤਾਂ ਮੈਂ ਉਸ ਕੋਲ ਚਲੀ ਜਾਵਾਂ। ਜਿਨ੍ਹਾਂ ਦਾ ਮੇਰੇ ਪਿਆਰੇ ਨਾਲ ਪੂਰਨ ਮਿਲਾਪ ਹੋ ਚੁਕਿਆ ਹੈ, ਮੈਂ ਉਨ੍ਹਾਂ ਦੇ ਮਗਰੇ ਮਗਰ ਲਗੀ ਫਿਰਾਂ ਅਤੇ ਉਨ੍ਹਾਂ ਦੇ ਤਰਲੇ ਮਿੰਨਤਾਂ ਕਰਾਂ ਕਿ ਮੈਨੂੰ ਵੀ ਪ੍ਰਭੂ ਮਿਲਾਪ ਦਾ ਚਾਅ ਹੈ - 'ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।। ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ।। ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।।' ਪੰਨਾ ੧੨੦੧ ਤੇ, ਬਹੁਤ ਹੀ ਸੁੰਦਰ ਅਤੇ ਦਿਲ-ਖਿਚਵੇਂ ਸ਼ਬਦਾਂ ਵਿਚ ਫ਼ੁਰਮਾਣ ਕਰਦੇ ਹਨ ਕਿ ਕੋਈ ਸੰਤ, ਕੋਈ ਹਰੀ ਦਾ ਸੰਤ, ਕੋਈ ਮੇਰਾ ਪ੍ਰੀਤਮ ਜਨ ਸੰਤ, ਮੈਂਨੂੰ ਪ੍ਰਭੂ ਪ੍ਰਾਪਤੀ ਦਾ ਮਾਰਗ ਦਿਖਾ ਦਏ ਤਾਂ ਮੈਂ ਉਸ ਪਿਆਰੇ ਜਨ ਦੇ ਚਰਣ, ਮਲ ਮਲ ਕੇ ਧੋਵਾਂ - 'ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ।। ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ।।'

ਪੰਨਾ ੨੦੪ ਤੇ, ਸ੍ਰੀ ਗੁਰੂ ਅਰਜਨ ਸਾਹਿਬ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਕੋਈ ਅਜਿਹਾ ਸੰਤ, ਸਹਿਜ ਅਤੇ ਸੁਖਾਂ ਦਾ ਦਾਤਾ ਸੰਤ, ਮੈਨੂੰ ਮਾਰਗ ਦਿਖਾ ਦਏ - 'ਕੋਈ ਐਸਾ ਸੰਤੁ ਸਹਜ ਸੁਖ ਦਾਤਾ ਮੋਹਿ ਮਾਰਗੁ ਦੇਇ ਬਤਾਇ।।' ਇਸੇ ਪੰਨੇ ਤੇ ਬਚਨ ਹਨ ਕਿ ਮੇਰਾ ਮਨ ਹਰੀ ਦੇ ਦਰਸ਼ਨਾਂ ਨੂੰ ਦਿਨ ਰਾਤ ਸਿਮਰਦਾ ਹੈ, ਮੈਨੂੰ ਆਸ ਹੈ ਅਤੇ ਮੈਂ ਉਸ ਦੇ ਦਰਸ਼ਨਾਂ ਦੀ ਪਿਆਸੀ ਹਾਂ, ਕੋਈ ਐਸਾ ਸੰਤ ਮਿਲ ਪਵੇ, ਜੋ ਪ੍ਰਭੂ ਨੂੰ ਨੇੜੇ ਹੋ ਕੇ, ਭਾਵ ਸੁਖੈਨ ਮਾਰਗ ਰਾਹੀਂ, ਮਿਲਾ ਦਏ। ਮੈਂ ਉਸਦੀ ਅਤੇ ਉਸ ਦੇ ਦਾਸਾਂ ਦੀ ਵੀ ਸੇਵਾ ਵੀ ਕਰਾਂ ਅਤੇ ਕਈ ਭਾਂਤ ਨਾਲ ਤਰਲੇ ਮਿੰਨਤਾਂ (ਨਿਹੋਰਾ) ਕਰਾਂ। ਉਸਦੇ ਵੱਟੇ ਵਿਚ ਮੈਂ ਆਪਣੇ ਸਾਰੇ ਹੀ ਸੁਖ ਤੋਲ ਕੇ ਉਸ ਨੂੰ ਦੇ ਦਿਆ ਕਿਉਂਕਿ ਹਰੀ ਦੇ ਦਰਸ਼ਨਾਂ ਹਿਤ ਤਾਂ ਇਹ ਸਭ ਕੁਝ ਵੀ ਥੋੜਾ ਹੈ - 'ਹਰਿ ਪੇਖਨ ਕਉ ਸਿਮਰਤ ਮਨੁ ਮੇਰਾ।। ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ।। ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।। ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।।'

ਪੰਨਾ ੭੦੧ ਤੇ, ਹਜ਼ੂਰ ਫ਼ੁਰਮਾਉਂਦੇ ਹਨ ਕਿ ਕੋਈ ਭਗਤ ਜਨ, ਮੈਨੂੰ ਹਰੀ ਨਾਲ ਜੋੜ ਦਏ ਤਾਂ ਮੈਂ ਉਸਦੇ ਚਰਣ ਫ਼ੜ ਲਵਾਂ, ਆਪਣੀ ਜ਼ਬਾਨ ਨਾਲ ਉਸਦੀ ਉਸਤਤਿ ਗਾਵਾਂ ਅਤੇ ਆਪਣੇ ਪ੍ਰਾਣ, ਉਸਨੂੰ ਭੇਟਾ ਵਿਚ ਦੇ ਦਿਆਂ - 'ਕੋਈ ਜਨੁ

ਹਰਿ ਸਿਉ ਦੇਵੈ ਜੋਰਿ।। ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।।'

ਚਾਰਿ ਪਹਰ ਚਹੁ ਜੁਗਹ ਸਮਾਨੇ ॥

ਰੈਣਿ ਭਈ ਤਬ ਅੰਤੁ ਨ ਜਾਨੇ ॥੨॥

- - ਵਿਛੋੜੇ ਦੇ ਚਾਰ ਪਹਿਰ ਤਾਂ, ਚਾਰ ਜੁਗਾਂ ਦੇ ਬਰਾਬਰ ਹੋ ਜਾਂਦੇ ਹਨ, ਕਿ ਬੀਤਣ ਤੇ ਹੀ ਨਹੀਂ ਆਉਂਦੇ

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੨੪੩ ਤੇ, ਪ੍ਰੇਮ ਵਿਚ, ਔਖੀ ਇੰਤਜ਼ਾਰ ਬਾਰੇ ਫ਼ੁਰਮਾਣ ਕਰਦੇ ਹਨ - 'ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ।।' ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੩੬੯ ਤੇ, ਆਪਣੇ ਪ੍ਰੇਮ ਬਾਰੇ, ਫ਼ੁਰਮਾਣ ਕਰਦੇ ਹਨ ਕਿ ਮੈਂ ਹਰੀ ਬਿਨਾਂ ਇਕ ਖਿੰਨ, ਪਲ ਵੀ ਰਹਿ ਨਹੀਂ ਸਕਦਾ - '.. ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ।।'

- - ਰਾਤ ਹੁੰਦੀ ਹੈ ਤਾਂ ਉਸ ਦਾ ਵੀ ਅੰਤ ਹੋਣ ਨੂੰ ਹੀ ਨਹੀਂ ਆਉਂਦਾ।੨।

ਸ੍ਰੀ ਗੁਰੂ ਨਾਨਕ ਸਾਹਿਬ ਨੇ, ਤੁਖਾਰੀ ਰਾਗ ਵਿਚ, ਉਚਾਰਣ ਕੀਤੀ, ਸਮੁਚੀ 'ਬਾਰਹ ਮਾਹਾ' ਬਾਣੀ ਵਿਚ, ਬਿਰਹਾ ਦਾ ਅਤਿ-ਸੁੰਦਰ ਅਤੇ ਅਲੌਕਿਕ ਵਰਣਨ ਕੀਤਾ ਹੈ। ਜਿਵੇਂ ਆਪ ਜੀ ਦਸਦੇ ਹਨ ਕਿ, ਪਤੀ ਪ੍ਰਭੂ ਦੇ ਘਰ ਨ ਆਉਣ ਕਰਕੇ, ਮੈਂ ਹਉਕੇ ਲੈ ਰਹੀ ਹਾਂ, ਬਿਜਲੀ ਦੀ ਲਿਸ਼ਕ ਤਾਂ, ਸਗੋਂ, ਮੈਨੂੰ ਡਰਾ ਰਹੀ ਹੈ। ਜੀਵ ਇਸਤਰੀ ਦੀ ਸੇਜ ਸੁੰਞੀ ਹੈ, ਦੁਖੀ ਹੋ ਕੇ ਰੋ ਰਹੀ ਹੈ, ਮਰਣ ਵਰਗਾ ਦੁਖ ਆ ਚੰਮੜਿਆ ਹੈ। ਹਰੀ ਤੋਂ ਬਿਨਾਂ ਕਾਹਦੀ ਨੀਂਦ ਤੇ ਭੁਖ, ਕਪੜਾ ਵੀ ਤਨ ਨੂੰ ਨਹੀਂ ਸੁਖਾਂਦਾ - 'ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।। ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।। ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।।', ਪੰਨਾ ੧੧੦੮.

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੯੬ ਤੇ, ਬਿਰਹਾ ਦੀ ਅਵੱਸਥਾ ਦਾ ਬਿਆਨ ਕਰਦੇ ਹਨ ਕਿ ਗੁਰੂ ਦੇ ਦੀਦਾਰ ਤੋਂ ਬਿਨਾਂ, ਇਕ ਘੜੀ ਜਿਨਾਂ ਸਮਾਂ ਵੀ ਕਲਿਜੁਗ ਜਿਤਨਾ ਲਗਦਾ ਹੈ, ਮੈਨੂੰ ਨੀਂਦ ਨਹੀਂ ਆਉਂਦੀ, ਮੇਰੀ ਰਾਤ ਨਹੀਂ ਬੀਤਦੀ - 'ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।। ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।। ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ

ਗੁਰ ਦਰਬਾਰੇ ਜੀਉ।।' ਹਜ਼ੂਰ, ਪੰਨਾ ੬੨੪ ਤੇ, ਵਿਛੋੜੇ ਦੀ ਰੈਣ ਬਾਰੇ, ਫ਼ੁਰਮਾਣ ਕਰਦੇ ਹਨ ਕਿ ਉਸ ਦੇ ਪਰਦੇਸ ਹੋਣ ਕਰ ਕੇ, ਮੇਰੀ ਸੇਜ ਸੁੰਞੀ ਹੈ, ਇਸ ਲਈ ਮੈਨੂੰ ਨੀਂਦ ਨਹੀਂ ਆਉਂਦੀ - 'ਸੇਜ ਇਕੇਲੀ ਨੀਦ ਨਹੁ ਨੈਨਹੁ ਪਿਰੁ ਪਰਦੇਸਿ ਸਿਧਾਇਓ।।'

ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥

ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥੩॥

- - ਅਸਲ ਵਿਚ ਪੰਜ ਵਿਕਾਰਾਂ ਨੇ ਮਿਲ ਕੇ ਮੈਨੂੰ, ਮੇਰੇ ਪਿਆਰੇ ਪਤੀ ਤੋਂ ਵਿਛੋੜਿਆ ਹੋਇਆ ਹੈ।

ਇਸੇ ਕਰਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, ਪੰਨਾ ੧੧੩ ਤੇ, ਫ਼ੁਰਮਾਣ ਕੀਤਾ ਹੈ ਕਿ ਇਨ੍ਹਾਂ ਪੰਜ ਵਿਕਾਰਾਂ ਨੇ ਸਾਰੀ ਦੁਨੀਆਂ ਨੂੰ ਠਗਿਆ ਹੋਇਆ ਹੈ - 'ਪੰਚ ਦੂਤ ਮੁਹਹਿ ਸੰਸਾਰਾ।।'

- - ਭਰਮ ਵਿਚ ਪਈ ਮੈਂ ਰੋਂਦੀ ਅਤੇ ਹਥ ਮਲਦੀ ਤੇ ਪਛਤਾਂਦੀ ਰਹਿ ਜਾਂਦੀ ਹਾਂ।

ਸੇਖ਼ ਫ਼ਰੀਦ ਜੀ, ਪੰਨਾ ੭੯੪ ਤੇ, ਫ਼ੁਰਮਾਣ ਕਰਦੇ ਹਨ ਕਿ ਜੀਵ ਇਸਤਰੀ, ਆਪਣੇ ਵਿਚ ਦੋਸ ਹੋਣ ਕਰਕੇ, ਬਉਰੀ ਹੋਈ, ਸਦਾ ਸੜਦੀ ਮਚਦੀ, ਆਪਣੇ ਹਥ ਮਰੋੜ ਰਹੀ ਹੈ ਅਤੇ ਆਪਣੇ ਕੰਤ ਪ੍ਰਭੂ ਨੂੰ ਭਾਲਦੀ ਫ਼ਿਰਦੀ ਹੈ। ਸਮੇਂ ਸਿਰ, ਸਾਹਿਬ ਦੇ ਆਖੇ ਨਹੀਂ ਲਗੀ, ਹੁਣ, ਜੋਬਨ ਚਲਾ ਜਾਣ ਤੇ ਪਛਤਾਅ ਰਹੀ ਹੈ - 'ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।। ਬਾਵਲਿ ਹੋਈ ਸੋ ਸਹੁ ਲੋਰਉ।। ਤੈ ਸਹਿ ਮਨ ਮਹਿ ਕੀਆ ਰੋਸੁ।। ਮੁਝੁ ਅਵਗਨ ਸਹ ਨਾਹੀ ਦੋਸੁ।। ਤੈ ਸਾਹਿਬ ਕੀ ਮੈ ਸਾਰ ਨ ਜਾਨੀ।। ਜੋਬਨੁ ਖੋਇ ਪਾਛੈ ਪਛੁਤਾਨੀ।।'

ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥

ਆਤਮੁ ਚੀਨਿ੍ ਪਰਮ ਸੁਖੁ ਪਾਇਆ ॥੪॥੧੫॥

- - ਪਰ ਜਦੋਂ ਤੋਂ ਮੈਨੂੰ, ਆਪਣੇ ਜਨ ਨੂੰ, ਆਪਣੇ ਦਰਸ਼ਨ ਦਿਤੇ ਹਨ

- - ਮੈਨੂੰ, ਆਪਣੇ ਆਪੇ ਨੂੰ ਅੰਦਰੋਂ ਖੋਜ ਕੇ, ਪਰਮ ਸੁਖ ਦੀ ਪ੍ਰਾਪਤੀ

ਹੋ ਗਈ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੯੯ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਗੁਰੂ/ਪ੍ਰਭੂ ਤੇਰੇ ਦਰਸ਼ਨਾਂ ਦੇ ਨਾਲ ਸਾਰਾ ਭਵਨ, ਇਹ ਦੇਹ ਪਵਿਤਰ ਹੋ ਗਏ ਹਨ। ਇੰਞ, ਆਤਮਾ ਦਾ ਕਿਲਾ ਫ਼ਤਹਿ ਹੋ ਗਿਆ ਹੈ। ਤੇਰੇ ਸੰਤ ਜਨਾਂ ਦੇ ਚਰਣਾਂ ਦੀ ਧੂੜ ਮੇਰੇ ਮੁਖ ਤੇ ਲਗਣ ਨਾਲ, ਮੇਰੀ ਸਾਰੀ ਮਾੜੀ ਮਤ ਦੂਰ ਹੋ ਗਈ ਹੈ - 'ਦਰਸਨਿ ਤੇਰੈ ਭਵਨ ਪੁਨੀਤਾ।। ਆਤਮ ਗੜੁ ਬਿਖਮੁ ਤਿਨਾ ਹੀ ਜੀਤਾ।।..ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ।। ਦੁਰਮਤਿ ਬਿਨਸੀ ਕੁਬੁਧਿ ਅਭਾਗੀ।।' ਪੰਨਾ ੨੧੭ ਤੇ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਉਸ ਦੇ ਦਰਸ਼ਨਾਂ ਦੇ ਨਾਲ, ਜੀਵ ਇਸਤਰੀ ਦੀ ਸੇਜ ਸੁਹਾਵੀ ਹੋ ਗਈ, ਮਨ ਵਿਚ ਖੇੜਾ ਆ ਗਿਆ ਅਤੇ ਪਰਮ ਸੁਖ ਦੀ ਪ੍ਰਾਪਤੀ ਹੋ ਗਈ - 'ਸੇਜ ਸੁਹਾਵੀ ਇਹ ਮਨੁ ਬਿਗਸੰਦਾ ਜੀਉ।। ਪੇਖਿ ਦਰਸਨੁ ਇਹ ਸੁਖੁ ਲਹੀਐ ਜੀਉ।।' ਅਗੋਂ ਫ਼ੁਰਮਾਣ ਕਰਦੇ ਹਨ ਕਿ ਇਹ, ਪੂਰਣ ਮਿਲਾਪ ਦਾ ਸੁਖ ਵੀ ਜਰਨਾ ਕਠਨ ਹੈ, ਇਹ ਪਰਮ ਅਨੰਦ ਦਾ ਅਸਹਿ ਸੁਖ, ਮੈਂ ਬਰਦਾਸ਼ਤ ਕਰ ਲਿਆ ਹੈ - 'ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ।।'

29.8.2020